# Visit of Minister of State for External Affairs, Shri V. Muraleedharan to attend UN Security Council High Level Meeting

October 10, 202

## ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਉੱਚ ਪੱਧਰੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦਾ ਦੌਰਾ

### 10 ਅਕਤੂਬਰ, 2021

ਵਿਦੇਸ਼ ਰਾਜ ਮੰਤਰੀ (MoS) ਸ਼੍ਰੀ ਵੀ. ਮੁਰਲੀਧਰਨ 12, ਅਕਤੂਬਰ 2021 ਨੂੰ ਨਿਊਯਾਰਕ ਦੀ ਅਧਿਕਾਰਿਤ ਫੇਰੀ 'ਤੇ ਜਾਣਗੇ। ਇਸ ਮੌਕੇ ਉਹ ਭਾਰਤ ਵੱਲੋਂ ਸ਼ਾਂਤੀ ਬਣਾਉਣ ਅਤੇ ਕਾਇਮ ਰੱਖਣ ਦੇ ਵਿਸ਼ੇ 'ਤੇ ਆਧਾਰਿਤ ਸੰਯੁਕਤ ਰਾਸ਼ਟਰ ਦੀ ਉੱਚ ਪੱਧਰੀ ਮੀਟਿੰਗ 'ਚ ਸ਼ਾਮਲ ਹੋਣਗੇ। ਇਹ ਮੀਟਿੰਗ ਕੀਨੀਆ ਦੁਆਰਾ ਬੁਲਾਈ ਗਈ ਹੈ ਜੋ ਅਕਤੂਬਰ, 2021 ਦੇ ਮਹੀਨੇ ਦੌਰਾਨ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦਾ ਮੁਖੀਆ ਹੈ ਅਤੇ ਇਸ ਮੀਟਿੰਗ ਦੀ ਪ੍ਰਧਾਨਗੀ ਕੀਨੀਆ ਦੇ ਮਾਨਯੋਗ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਉਹਰੂ ਕੇਨਯੱਤਾ ਕਰਨਗੇ।

2. ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਉੱਚ ਪੱਧਰੀ ਬੈਠਕ ਵੰਨ ਸੁਵੰਨਤਾ ਦੇ ਕਾਰਗਰ ਪ੍ਰਬੰਧਨ ਅਤੇ ਸ਼ਾਂਤੀਪੂਰਨ ਸਹਿ-ਹੋਂਦ ਨੂੰ ਉਤਸ਼ਾਹਤ ਕਰਨ ਦੁਆਰਾ ਟਕਰਾਅ ਦੀ ਰੋਕਥਾਮ ਅਤੇ ਵਿਵਾਦਾਂ ਦੇ ਨਿਪਟਾਰੇ ਅਤੇ ਰਾਜ ਨਿਰਮਾਣ 'ਤੇ ਕੇਂਦਰਿਤ ਹੋਵੇਗੀ। ਇਸ ਵਿਚਾਰ ਵਟਾਂਦਰੇ ਸਦਕਾ ਮੈਂਬਰ ਦੇਸ਼ਾਂ ਨੂੰ ਸ਼ਾਂਤੀ-ਨਿਰਮਾਣ ਦੀ ਅਮਲੀ ਪ੍ਰਾਪਤੀ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਵਿੱਚ ਸੂਝ ਅਤੇ ਤਜ਼ਰਬੇ ਸਾਂਝੇ ਕਰਨ ਲਈ ਪਲੇਟਫਾਰਮ ਮਿਲਣ ਦੀ ਉਮੀਦ ਹੈ।

3. ਟਕਰਾਵਾਂ 'ਚੋਂ ਬਾਹਰ ਆ ਰਹੇ ਮੁਲਕਾਂ ਅੰਦਰ ਸ਼ਾਂਤੀ ਨਿਰਮਾਣ ਅਤੇ ਸਮਾਜਿਕ-ਆਰਥਿਕ ਵਿਕਾਸ ਵਿੱਚ ਭਾਰਤ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤ ਦੀ ਵਿਕਾਸ ਭਾਈਵਾਲੀ ਮੰਗ-ਆਧਾਰਿਤ ਰਹੀ ਹੈ ਅਤੇ ਟਿਕਾਊ ਸਮਰੱਥਾ ਨਿਰਮਾਣ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕਰਦੀ ਹੈ. ਭਾਰਤ ਅਜਿਹੇ ਯਤਨਾਂ ਨੂੰ ਅੱਗੇ ਵਧਾਉਣ ਲਈ ਸੰਯੁਕਤ ਰਾਸ਼ਟਰ ਸਮੇਤ ਆਪਣੇ ਆਲਮੀ ਭਾਈਵਾਲਾਂ ਨਾਲ ਮਿਲਕੇ ਕੰਮ ਕਰਦਾ ਰਹੇਗਾ।

ਨਵੀਂ ਦਿੱਲੀ

10 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.